ਵੱਲੋਂ:

ਵਣ ਮੰਡਲ ਅਫਸਰ
ਲੁਧਿਆਣਾ।

ਸੇਵਾ ਵਿਖੇ:

**Reliance Jio Infocomm Limited,**
**C-135, Industrial Area, Phase-8,**
**Mohali, Punjab.**

ਨੰਬਰ 11384 ਮਿਤੀ 31/1/17

ਵਿਸ਼ਾ: **Diversion of 0.7222 Ha. Of Forest Land for laying of OFC (Optical Fiber Cable) of Reliance Jio Infocomm Limited along Khanna-Malerkotla Road, Tehsil Khanna. Under Forest Division & Distt Ludhiana. (Total Length 15800 Meter)**

***********************

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਅੰਡਰ ਗਰਾਉਂਡ ਕੇਬਲ ਤਾਰ ਪਾਉਣ ਨਾਲ ਇਸ ਮੰਡਲ ਦਾ 0.7222 Ha. ਵਣ ਰਕਬਾ ਪ੍ਰਭਾਵਿਤ ਹੁੰਦਾ ਹੈ।ਇਹ ਅੰਡਰ ਗਰਾਉਂਡ ਕੇਬਲ ਤਾਰ 15800 ਮੀਟਰ ਰਕਬੇ ਵਿੱਚ ਪਾਈ ਜਾਣੀ ਹੈ। ਇਸ ਲਈ ਤਜਵੀਜ 0.7222 ਹੈਕਟਰ ਵਣ ਰਕਬੇ ਦੀ ਤਿੰਨ ਪੜ੍ਹਤਾਂ ਵਿੱਚ ਤਿਆਰ ਕਰਕੇ ਇਸ ਦਫਤਰ ਨੂੰ ਦਿੱਤੀ ਜਾਵੇ ਅਤੇ 25/- ਰੁਪਏ ਪ੍ਰਤੀ ਮੀਟਰ ਦੇ ਹਿਸਾਬ ਨਾਲ 395000/- ਰੁਪਏ ਦੀ ਬੈਂਕ ਗਰੰਟੀ ਤਿਆਰ ਕਰਕੇ ਇਸ ਦਫਤਰ ਨੂੰ ਦਿੱਤੀ ਜਾਵੇ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਆਪਣੇ ਪੱਤਰ ਨੰ:39/92/2008-ਵਣ-3/7928 ਮਿਤੀ:8/11/2012 ਰਾਂਹੀ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਐਫ.ਸੀ.ਏ 1980 ਅਧੀਨ ਪ੍ਰਾਪਤ ਹੋਣ ਵਾਲੇ ਕੇਸਾਂ ਵਿੱਚ 50/- ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬਣਦੀ ਪ੍ਰੋਸੈਸਿੰਗ ਫੀਸ 7222 x 50 =361100/- **(Three Lac Sixty One Thousand One Hundred Only)** ਰੁਪਏ ਹੇਠ ਲਿਖੇ ਖਾਤੇ ਵਿੱਚ ਤੁਰੰਤ ਜਮ੍ਹਾਂ ਕਰਵਾਏ ਜਾਣ। ਆਪ ਵਲੋਂ ਇਹ ਰਕਮ ਜਮ੍ਹਾਂ ਕਰਵਾਉਣ ਉਪਰੰਤ ਹੀ ਇਸ ਦਫਤਰ ਵਲੋਂ ਅਗਲੀ ਲੋੜੀਦੀ ਕਾਰਵਾਈ ਕੀਤੀ ਜਾਵੇਗੀ।

**Greening Punjab Mission Fund FCA Fees A/c No. 1488000101175523, Punjab National Bank, Sector-9, Chandigarh (Payable at Chandigarh).**

ਇਸ ਤੋਂ ਇਲਾਵਾ ਵਣ ਰੇਂਜ ਅਫਸਰ, ਦੋਰਾਹਾ ਦੇ ਦਫਤਰ ਵਿੱਚ 1000/- ਰੁਪਏ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਜਮ੍ਹਾਂ ਕਰਵਾਈ ਜਾਵੇ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਜੀ ਦੇ ਦਫਤਰ ਤੋਂ ਐਫ.ਆਰ.ਏ ਸਰਟੀਫਿਕੇਟ ਪ੍ਰਾਪਤ ਕਰਕੇ ਇਸ ਦਫਤਰ ਨੂੰ ਦਿੱਤਾ ਜਾਵੇ ਤਾਂ ਜੋ ਇਸ ਦਫਤਰ ਵਲੋਂ ਅਗਲੀ ਲੋੜੀਦੀ ਕਾਰਵਾਈ ਕੀਤੀ ਜਾ ਸਕੇ।

ਵਣ ਮੰਡਲ ਅਫਸਰ
ਲੁਧਿਆਣਾ।

ਪਿੱਠ ਅੰਕਣ ਨੰ: 11385 ਮਿਤੀ: 31/1/17

ਕਾਪੀ ਵਣ ਰੇਂਜ ਅਫਸਰ, ਦੋਰਾਹਾ ਨੂੰ ਉਹਨਾ ਦੇ ਪੱਤਰ ਨੰ:506-D ਮਿਤੀ:27/1/2017 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਯੂਜਰ ਏਜੰਸੀ ਪਾਸੋਂ ਇਸ ਕੇਸ ਦੀ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ 1000/- ਰੁਪਏ ਜਮ੍ਹਾਂ ਕਰਵਾਕੇ ਰਿਪੋਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ।

ਵਣ ਮੰਡਲ ਅਫਸਰ
ਲੁਧਿਆਣਾ।